## ਬੱਚੇ ਦੀ ਸੰਪਤੀ (ਇਸਟੇਟ) ਲਈ ਸਰਪ੍ਰਸਤ (ਗਾਰਡੀਅਨ) ਵਜੋਂ ਕੰਮ ਕਰਦਾ ਹੈ

ਜਦੋਂ ਬੱਚਾ ਅਨਾਥ ਹੋ ਜਾਂਦਾ ਹੈ ਅਤੇ ਕਿਸੇ ਹੋਰ ਬਾਲਗ ਨੂੰ ਸਰਪ੍ਰਸਤ (ਗਾਰਡੀਅਨ) ਨਿਯੁਕਤ ਨਹੀਂ ਕੀਤਾ ਗਿਆ ਹੁੰਦਾ ਜਾਂ ਬੱਚੇ ਦੀ ਸੰਭਾਲ ਦੀ ਜ਼ਿੰਮੇਵਾਰੀ ਸੂਬੇ ਵਲੋਂ ਲੈ ਲਈ ਜਾਂਦੀ ਹੈ (ਬੱਚਾ ਲਗਾਤਾਰ ਹਿਫਾਜ਼ਤ ਅਧੀਨ ਨਾਬਾਲਗ ਬਣ ਜਾਂਦਾ ਹੈ), ਤਾਂ Public Guardian and Trustee ਅਤੇ ਡਾਇਰੈਕਟਰ ਆਫ ਚਾਈਲਡ ਪ੍ਰੋਟੈਕਸ਼ਨ ਬੱਚੇ ਦੇ ਸਰਪ੍ਰਸਤ (ਗਾਰਡੀਅਨ) ਬਣ ਜਾਂਦੇ ਹਨ। ਵਿਅਕਤੀ ਦੇ ਸਰਪ੍ਰਸਤ (ਗਾਰਡੀਅਨ) ਵਜੋਂ ਡਾਇਰੈਕਟਰ ਬੱਚੇ ਦੀ ਨਿੱਜੀ ਸੰਭਾਲ ਯਕੀਨੀ ਬਣਾਉਂਦਾ ਹੈ। ਸੰਪਤੀ (ਇਸਟੇਟ) ਦੇ ਸਰਪ੍ਰਸਤ (ਗਾਰਡੀਅਨ) ਵਜੋਂ Public Guardian and Trustee ਬੱਚੇ ਦੇ ਵਿਤੀ ਅਤੇ ਕਾਨੂੰਨੀ ਹਿਤਾਂ ਲਈ ਜ਼ਿੰਮੇਵਾਰ ਹੁੰਦਾ ਹੈ। ਇਸ ਵਿੱਚ ਉਹ ਭੱਤੇ ਲੈਣਾ ਜਿਸ ਦਾ ਬੱਚਾ ਹੱਕਦਾਰ ਹੋਵੇ, ਬੱਚੇ ਦੇ ਪੈਸਿਆਂ ਨੂੰ ਇਨਵੈਸਟ ਕਰਨਾ ਅਤੇ ਉਹਨਾਂ ਦਾ ਪ੍ਰਬੰਧ ਕਰਨਾ ਅਤੇ ਜਦੋਂ ਲੋੜ ਪਵੇ ਤਾਂ ਬੱਚੇ ਦੀ ਤਰਫੋਂ ਕਾਨੂੰਨੀ ਮੁਕੱਦਮਾ ਸ਼ੁਰੂ ਕਰਨਾ ਜਾਂ ਕਾਨੂੰਨੀ ਮੁਕੱਦਮੇ ਤੋਂ ਬੱਚੇ ਦਾ ਬਚਾਅ ਕਰਨਾ ਸ਼ਾਮਲ ਹੈ।

## ਆਪਣੀਆਂ ਸੇਵਾਵਾਂ ਦੇਣ ਲਈ ਤੁਹਾਡੇ ਨਾਲ ਮਿਲ ਕੇ ਕੰਮ ਕਰਨਾ

ਅਸੀਂ ਆਪਣੀਆਂ ਸੇਵਾਵਾਂ ਨੂੰ ਹੋਰ ਕਾਰਗਰ, ਅਸਰਦਾਇਕ ਅਤੇ ਬੱਚਿਆਂ ਅਤੇ ਜਵਾਨਾਂ ਅਤੇ ਉਹਨਾਂ ਦੇ ਹੱਕਾਂ ਅਤੇ ਹਿਤਾਂ ਦੀ ਸੁਰੱਖਿਆ ਲਈ ਕੰਮ ਕਰਦੇ ਦੂਸਰੇ ਵਿਅਕਤੀਆਂ ਮੁਤਾਬਕ ਬਣਾਉਣ ਲਈ ਕੰਮ ਕਰ ਰਹੇ ਹਾਂ। ਅਸੀਂ ਤੁਹਾਡੀ ਰਾਇ ਅਤੇ ਸਮਰਥਨ ਦਾ ਸੁਆਗਤ ਕਰਦੇ ਹਾਂ।

## ਜੇ ਤੁਹਾਡੇ ਕੋਲ ਸਾਡੇ ਲਈ ਕੋਈ ਸਵਾਲ ਹੋਵੇ ਤਾਂ ਸੰਪਰਕ ਕਰੋ:

Child and Youth Services Division
(ਚਾਇਲਡ ਐਂਡ ਯੂਥ ਸਰਵਿਸਜ਼ ਡਿਵੀਜ਼ਨ)
Public Guardian and Trustee
of British Columbia

ਫੋਨ (604) 775-3480
ਫੈਕਸ (604) 775-2429

## ਸਾਡੀ ਸਹਾਇਤਾ ਲੈਣਾ

ਇਹ ਬਰੋਸ਼ਰ Public Guardian and Trustee ਵਲੋਂ ਪ੍ਰਕਾਸ਼ਤ ਕੀਤਾ ਗਿਆ ਹੈ। ਇਹ ਦਫਤਰ ਸੂਬਾਈ ਕਾਨੂੰਨਾਂ ਅਧੀਨ ਉਹਨਾਂ ਲੋਕਾਂ ਦੇ ਕਾਨੂੰਨੀ ਹੱਕਾਂ ਅਤੇ ਮਾਇਕ ਹਿਤਾਂ ਦੀ ਸੁਰੱਖਿਆ ਲਈ ਕੰਮ ਕਰਦਾ ਹੈ ਜੋ ਆਪਣੀ ਸੁਰੱਖਿਆ ਆਪ ਨਹੀਂ ਕਰ ਸਕਦੇ, ਇਹਨਾਂ ਲੋਕਾਂ ਵਿੱਚ ਬੱਚੇ, ਅਸੁਰੱਖਿਅਤ ਬਾਲਗ ਅਤੇ ਮਾਰੇ ਗਏ ਜਾਂ ਲਾਪਤਾ ਵਿਅਕਤੀ ਸ਼ਾਮਲ ਹਨ।

ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਫੋਨ ਕਰੋ ਜਾਂ ਚਿੱਠੀ ਲਿਖੋ:

**THE PUBLIC GUARDIAN AND TRUSTEE OF BRITISH COLUMBIA**
**700-808 West Hastings Street**
**Vancouver, B.C. V6C 3L3**

**ਟੈਲੀਫੋਨ:** (604) 660-4444
**ਫੈਕਸ:** (604) 775-0207
**ਈਮੇਲ:** mail@trustee.bc.ca

**ਸਾਡਾ ਵੈੱਬਸਾਈਟ ਦੇਖੋ**
**www.trustee.bc.ca**

PUBLIC GUARDIAN AND TRUSTEE OF BRITISH COLUMBIA

[Punjabi] - Mar 2008

# PROTECTING THE RIGHTS AND INTERESTS OF CHILDREN

# ਬੱਚਿਆਂ ਦੇ ਅਧਿਕਾਰਾਂ ਅਤੇ ਹਿਤਾਂ ਦੀ ਰਾਖੀ ਕਰਨਾ

PUBLIC GUARDIAN AND TRUSTEE OF BRITISH COLUMBIA

ਬੱਚੇ ਅਤੇ ਜਵਾਨ ਸਾਡੇ ਸਮਾਜ ਦੇ ਕੀਮਤੀ ਮੈਂਬਰ ਹਨ। ਉਮਰ ਅਤੇ ਤਜਰਬੇ ਦੀ ਅਣਹੋਂਦ ਕਾਰਨ, ਉਹ ਵਿਤੀ ਅਤੇ ਕਾਨੂੰਨੀ ਮਾਮਲਿਆਂ ਵਿੱਚ ਆਪਣੇ ਆਪ ਦੀ ਨੁਮਾਇੰਦਗੀ ਕਰਨ ਦੇ ਯੋਗ ਨਹੀਂ ਹੁੰਦੇ, ਇਸ ਲਈ ਉਹਨਾਂ ਨੂੰ ਆਪਣੀ ਥਾਂ ਉੱਤੇ ਕੰਮ ਕਰਨ ਲਈ ਬਾਲਗਾਂ ਉੱਤੇ ਨਿਰਭਰ ਹੋਣਾ ਜ਼ਰੂਰੀ ਹੈ। 19 ਸਾਲ ਦੀ ਉਮਰ ਤੋਂ ਘੱਟ ਉਮਰ ਦੇ ਬਹੁਤੇ ਬੱਚਿਆਂ ਦੇ ਮਾਪੇ ਜਾਂ ਸਰਪ੍ਰਸਤ (ਗਾਰਡੀਅਨ) ਹੁੰਦੇ ਹਨ ਜੋ ਉਹਨਾਂ ਦੇ ਕਾਨੂੰਨੀ ਹੱਕਾਂ ਅਤੇ ਵਿਤੀ ਹਿਤਾਂ ਦੀ ਰਾਖੀ ਕਰਦੇ ਹਨ।

ਸਮੁੱਚੇ ਇਤਿਹਾਸ ਵਿੱਚ ਬੱਚਿਆਂ ਦੇ ਹਿਤਾਂ ਨੂੰ ਖਤਰਾ ਹੋਣ ਸਮੇਂ ਸਮਾਜ ਨੇ ਬੱਚਿਆਂ ਦੀ ਸੁਰੱਖਿਆ ਕਰਨ ਦੀ ਆਪਣੀ ਜ਼ਿੰਮੇਵਾਰੀ ਪਛਾਣੀ ਹੈ। ਇਸ ਸਮੇਂ ਸਾਡੇ ਸੂਬੇ ਵਿੱਚ ਇਹ ਜ਼ਿੰਮੇਵਾਰੀ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਅਤੇ Public Guardian and Trustee (ਪਬਲਿਕ ਗਾਰਡੀਅਨ ਐਂਡ ਟਰੱਸਟੀ) ਵਲੋਂ ਨਿਭਾਈ ਜਾਂਦੀ ਹੈ।

ਸੂਬੇ ਦਾ ਕਾਨੂੰਨ ਮੰਗ ਕਰਦਾ ਹੈ ਕਿ ਇਹ ਯਕੀਨੀ ਬਣਾਉਣ ਲਈ ਕਿ ਮਾਪੇ ਜਾਂ ਦੂਸਰੇ ਸਰਪ੍ਰਸਤ (ਗਾਰਡੀਅਨ) ਵੱਧ ਤੋਂ ਵੱਧ ਬੱਚੇ ਦੇ ਹਿਤਾਂ ਵਿੱਚ ਕੰਮ ਕਰਨ, Public Guardian and Trustee ਉਹਨਾਂ ਸਥਿਤੀਆਂ ਉੱਤੇ ਨਿਗ੍ਹਾ ਰੱਖੇ ਜਿਹਨਾਂ ਸਥਿਤੀਆਂ ਵਿੱਚ ਬੱਚਿਆਂ ਦੇ ਕਾਨੂੰਨੀ ਅਧਿਕਾਰ ਜਾਂ ਵਿਤੀ ਹਿਤ ਸ਼ਾਮਲ ਹੋਣ। ਕਈ ਵਾਰੀ ਇਸ ਦਾ ਅਰਥ ਕਾਨੂੰਨੀ ਮਾਮਲਿਆਂ ਵਿੱਚ ਬੱਚੇ ਦੀ ਨੁਮਾਇੰਦਗੀ ਕਰਨਾ ਹੁੰਦਾ ਹੈ ਜਦੋਂ ਇਹ ਜ਼ਿੰਮੇਵਾਰੀ ਨਿਭਾਉਣ ਲਈ ਕੋਈ ਹੋਰ ਵਿਅਕਤੀ ਨਾ ਹੋਵੇ। ਇਹ ਸੇਵਾਵਾਂ ਦਿੰਦੇ ਸਮੇਂ, ਜਦੋਂ ਵੀ ਸੰਭਵ ਹੋਵੇ, ਅਸੀਂ ਬੱਚੇ ਦੇ ਪਰਿਵਾਰ ਜਾਂ ਸਹਾਇਤਾ ਕਰਨ ਵਾਲੇ ਦੂਸਰੇ ਲੋਕਾਂ ਨਾਲ ਮਿਲ ਕੇ ਕੰਮ ਕਰਦੇ ਹਾਂ।

## ਅਸੀਂ ਸੂਬੇ ਵਿੱਚ ਬੱਚਿਆਂ ਦੇ ਨਮਿੱਤ ਕੀ ਕਰਦੇ ਹਾਂ

### ਉਹਨਾਂ ਸਥਿਤੀਆਂ ਉੱਤੇ ਗੌਰ ਕਰਦੇ ਹਾਂ, ਜਿੱਥੇ ਬੱਚੇ ਦੇ ਕਾਨੂੰਨੀ ਹੱਕਾਂ ਅਤੇ ਵਿਤੀ ਹਿਤਾਂ ਦੀ ਸੁਰੱਖਿਆ ਦੀ ਲੋੜ ਹੋਵੇ

ਸੂਬੇ ਦਾ ਕਾਨੂੰਨ ਮੰਗ ਕਰਦਾ ਹੈ ਕਿ Public Guardian and Trustee ਉਹਨਾਂ ਸਥਿਤੀਆਂ ਉੱਤੇ ਗੌਰ ਕਰੇ, ਜਦੋਂ ਉਸ ਨੂੰ ਸੂਚਿਤ ਕੀਤਾ ਗਿਆ ਹੋਵੇ ਕਿ:

- ਬੱਚੇ ਦਾ ਜਾਇਦਾਦ ਦੀ ਵਿਕਰੀ ਜਾਂ ਖ਼੍ਰੀਦ ਵਿੱਚ ਕੋਈ ਹਿਤ ਹੈ;
- ਬੱਚਾ ਕਿਸੇ ਸੰਪਤੀ (ਇਸਟੇਟ) ਦਾ ਲਾਭਪਾਤਰ ਜਾਂ ਵਾਰਸ ਹੈ;
- ਬੱਚੇ ਦਾ ਕਿਸੇ ਟਰੱਸਟ ਵਿੱਚ ਨਾਂ ਹੈ, ਜਿਸ ਨੂੰ ਕੋਈ ਬਦਲਣਾ ਚਾਹੁੰਦਾ ਹੈ;
- ਬੱਚਾ ਕੋਈ ਇਕਰਾਰਨਾਮਾ ਕਰਨਾ ਚਾਹੁੰਦਾ ਹੈ; ਅਤੇ
- ਬੱਚੇ ਲਈ ਇਕ ਨਿਸ਼ਚਿਤ ਸਮੇਂ ਦੇ ਅੰਦਰ ਅੰਦਰ ਕੋਈ ਦਾਅਵਾ (ਕਲੇਮ) ਸ਼ੁਰੂ ਕਰਨਾ ਜ਼ਰੂਰੀ ਹੋਵੇ (Limitations Act Notices –ਲਿਮੀਟੇਸ਼ਨ ਐਕਟ ਦੇ ਨੋਟਿਸ)।

Public Guardian and Trustee ਲਈ ਇਹ ਜ਼ਰੂਰੀ ਹੈ ਕਿ ਉਹ ਦੇਖੇ ਕਿ ਕੀ ਹਰ ਇਕ ਕੇਸ ਵਿੱਚ ਮਾਮਲੇ ਨੂੰ ਬੱਚੇ ਦੇ ਹਿਤ ਵਿੱਚ ਵੱਧ ਤੋਂ ਵੱਧ ਸਹੀ ਤਰ੍ਹਾਂ ਸੰਭਾਲਿਆ ਜਾ ਰਿਹਾ ਹੈ ਜਾਂ ਨਹੀਂ। ਜੇ ਇਸ ਤਰ੍ਹਾਂ ਨਾ ਹੋਵੇ ਤਾਂ Public Guardian and Trustee ਸਥਿਤੀ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰੇਗਾ, ਅਤੇ ਜੇ ਲੋੜ ਹੋਵੇ ਤਾਂ ਬੱਚੇ ਦੀ ਤਰਫੋਂ ਕਾਨੂੰਨੀ ਮੁਕੱਦਮਾ ਸ਼ੁਰੂ ਕਰੇਗਾ। Public Guardian and Trustee ਇਹ ਕਦਮ ਬੱਚੇ ਦੇ "Guardian Ad Litem (ਗਾਰਡੀਅਨ ਐਡ ਲਿਟਮ)" ਜਾਂ "Litigation Guardian (ਲਿਟੀਗੇਸ਼ਨ ਗਾਰਡੀਅਨ)" ਦੇ ਤੌਰ ਉੱਤੇ ਚੁੱਕਦਾ ਹੈ।

### ਪੇਸ਼ ਕੀਤੇ ਸਮਝੌਤੇ ਉੱਤੇ ਗੌਰ ਕਰਦਾ ਹੈ ਜਦੋਂ ਬੱਚੇ ਦੇ ਸੱਟ ਲੱਗੀ ਹੋਵੇ

ਜਦੋਂ ਕਿਸੇ ਹੋਰ ਵਿਅਕਤੀ ਦੀ ਅਣਗਹਿਲੀ ਕਾਰਨ ਬੱਚਾ ਫੱਟੜ ਹੋ ਗਿਆ ਹੋਵੇ ਤਾਂ ਉਹ ਵਿਅਕਤੀ ਜਾਂ ਉਸ ਦੀ ਇੰਸ਼ੋਰੈਂਸ ਕਰਨ ਵਾਲਾ ਬੱਚੇ ਦੇ ਕਿਸੇ ਵੀ ਕਾਨੂੰਨੀ ਦਾਅਵੇ ਬਾਰੇ ਸਮਝੌਤਾ ਕਰਨ ਲਈ ਪੈਸੇ ਪੇਸ਼ ਕਰ ਸਕਦਾ ਹੈ। ਜਦੋਂ ਇਸ ਤਰ੍ਹਾਂ ਹੋਵੇ ਤਾਂ ਇਹ ਦੇਖਣ ਲਈ ਕਿ ਬੱਚੇ ਨੂੰ ਉਚਿਤ ਮੁਆਵਜ਼ਾ ਦਿੱਤਾ ਜਾ ਰਿਹਾ ਹੈ ਜਾਂ ਨਹੀਂ Public Guardian and Trustee ਲਈ ਪੇਸ਼ ਕੀਤੇ ਪ੍ਰਸਤਾਵ ਉੱਤੇ ਗੌਰ ਕਰਨਾ ਜ਼ਰੂਰੀ ਹੈ।

ਜਦੋਂ ਪੇਸ਼ ਕੀਤਾ ਸਮਝੌਤਾ:

*50,000 ਡਾਲਰ ਜਾਂ ਇਸ ਤੋਂ ਘੱਟ ਹੋਵੇ* – ਤਾਂ Public Guardian and Trustee ਸਮਝੌਤੇ ਨੂੰ ਸਵੀਕਾਰ ਜਾਂ ਰੱਦ ਕਰਦਾ ਹੈ।

*50,000 ਡਾਲਰ ਤੋਂ ਵੱਧ ਹੋਵੇ* – ਤਾਂ Public Guardian and Trustee ਸਮਝੌਤੇ ਬਾਰੇ ਅਦਾਲਤ ਅੱਗੇ ਸਿਫਾਰਿਸ਼ ਕਰਦਾ ਹੈ ਕਿ ਕੀ ਸਮਝੌਤਾ ਢੁਕਵਾਂ ਹੈ ਜਾਂ ਨਹੀਂ। ਅਦਾਲਤ ਫੈਸਲਾ ਕਰਦੀ ਹੈ ਕਿ ਆਖਰੀ ਸਮਝੌਤੇ ਨੂੰ ਸਵੀਕਾਰ ਕੀਤਾ ਜਾਵੇਗਾ ਜਾਂ ਨਹੀਂ।

### ਬੱਚੇ ਦੇ ਕਾਨੂੰਨੀ ਹੱਕਾਂ ਦੀ ਸੁਰੱਖਿਆ ਕਰਦਾ ਹੈ

ਕਦੇ ਕਦੇ ਬੱਚੇ ਦੇ ਹਿਤਾਂ ਦਾ ਉਸ ਦੇ ਮਾਪਿਆਂ ਜਾਂ ਸਰਪ੍ਰਸਤ (ਗਾਰਡੀਅਨ) ਦੇ ਹਿਤਾਂ ਨਾਲ ਟਕਰਾਅ ਹੋ ਸਕਦਾ ਹੈ। ਉਦਾਹਰਨ ਲਈ ਬੱਚਾ ਉਸ ਗੱਡੀ ਦੇ ਐਕਸੀਡੈਂਟ ਵਿੱਚ ਸ਼ਾਮਲ ਹੋ ਸਕਦਾ ਹੈ ਜਿਸ ਨੂੰ ਮਾਪਾ ਚਲਾ ਰਿਹਾ ਹੋਵੇ ਜਾਂ ਕੋਈ ਸਰਪ੍ਰਸਤ (ਗਾਰਡੀਅਨ) ਬੱਚੇ ਦੇ ਪੈਸਿਆਂ ਦੀ ਵਰਤੋਂ ਇਸ ਤਰ੍ਹਾਂ ਕਰਨੀ ਚਾਹ ਸਕਦਾ ਹੈ ਜਿਸ ਤੋਂ ਬੱਚੇ ਨੂੰ ਫਾਇਦਾ ਨਾ ਹੁੰਦਾ ਹੋਵੇ। ਇਹਨਾਂ ਕੇਸਾਂ ਵਿੱਚ, ਜੇ ਬੱਚੇ ਦੇ ਹਿਤਾਂ ਦੀ ਰਾਖੀ ਕਰਨ ਲਈ ਕੋਈ ਹੋਰ ਬਾਲਗ ਵਿਅਕਤੀ ਨਾ ਹੋਵੇ ਤਾਂ Public Guardian and Trustee ਇਹ ਯਕੀਨੀ ਬਣਾਉਣ ਲਈ ਕਾਨੂੰਨੀ ਮੁਕੱਦਮਾ ਸ਼ੁਰੂ ਕਰ ਸਕਦਾ ਹੈ ਕਿ ਬੱਚੇ ਨੂੰ ਸੱਟਾਂ ਦਾ ਉਚਿਤ ਮੁਆਵਜ਼ਾ ਮਿਲੇ ਜਾਂ ਬੱਚੇ ਦੀ ਜਾਇਦਾਦ ਦਾ ਬਚਾਅ ਹੋਵੇ।

### ਬੱਚੇ ਦੇ ਪੈਸਿਆਂ ਲਈ ਟਰੱਸਟੀ ਵਜੋਂ ਕੰਮ ਕਰਦਾ ਹੈ

ਕਈ ਵਾਰ Public Guardian and Trustee ਨੂੰ ਬੱਚੇ ਲਈ ਟਰੱਸਟ ਵਿੱਚ ਰਕਮ ਰੱਖਣ ਲਈ ਅਧਿਕਾਰ ਦਿੱਤਾ ਜਾਂਦਾ ਹੈ। ਇਹ ਕਿਸੇ ਵਸੀਅਤ, ਟਰੱਸਟ ਦੇ ਸਮਝੌਤੇ ਜਾਂ ਅਦਾਲਤ ਦੇ ਹੁਕਮ ਅਧੀਨ ਹੋ ਸਕਦਾ ਹੈ।

ਬੱਚਾ ਕਿਸੇ ਇੰਸ਼ੋਰੈਂਸ ਪਾਲਸੀ ਅਧੀਨ ਸੱਟਾਂ ਕਾਰਨ ਮਿਲੇ ਮੁਆਵਜ਼ੇ ਕਾਰਨ ਜਾਂ ਲਾਟਰੀ ਜਿੱਤਣ ਕਾਰਨ ਮਿਲੇ ਪੈਸਿਆਂ ਦਾ ਹੱਕਦਾਰ ਵੀ ਹੋ ਸਕਦਾ ਹੈ। ਆਮ ਤੌਰ ਉੱਤੇ ਇਹ ਪੈਸਾ Public Guardian and Trustee ਨੂੰ ਬੱਚੇ ਲਈ ਇਕ ਟਰੱਸਟ ਵਜੋਂ ਦਿੱਤਾ ਜਾਂਦਾ ਹੈ, ਜਿੱਥੇ ਇਸ ਨੂੰ ਬੱਚੇ ਦੀ ਤਰਫੋਂ ਇਨਵੈਸਟ ਕੀਤਾ ਜਾਂਦਾ ਹੈ ਅਤੇ ਇਸ ਦਾ ਪ੍ਰਬੰਧ ਕੀਤਾ ਜਾਂਦਾ ਹੈ।

Public Guardian and Trustee ਬੱਚੇ ਦੀ ਸੰਭਾਲ, ਵਿਦਿਆ, ਮੁੜਬਹਾਲੀ ਜਾਂ ਹੋਰ ਖਾਸ ਮੌਕਿਆਂ ਦੇ ਖਰਚਿਆਂ ਵਿੱਚ ਮਦਦ ਕਰਨ ਜਾਂ ਖਰਚੇ ਚੁਕਾਉਣ ਲਈ ਪੈਸੇ ਦੇ ਸਕਦਾ ਹੈ।